# ਪੰਜਾਬ ਸਕੂਲ ਸਿੱਖਿਆ ਬੋਰਡ

**ਈ-ਪੰਜਾਬ (E-Punjab) ਦੀ ਵੈੱਬ ਸਾਈਟ ਤੇ ਭਰੇ ਗਏ ਨੌਵੀਂ ਕਲਾਸ ਦੇ ਪ੍ਰੀਖਿਆਰਥੀਆਂ ਦਾ ਡਾਟਾ ਬੋਰਡ ਦੀ ਨੌਵੀਂ ਕਲਾਸ ਦੀ ਰਜਿਸਟ੍ਰੇਸ਼ਨ ਵਿੱਚ ਇੰਮਪੋਰਟ (Import) ਕਰਨ ਲਈ ਹੇਠ ਲਿਖੇ ਸਟੈੱਪ ਹਨ :-**

1. ਈ-ਪੰਜਾਬ (E-Punjab) ਤੋਂ ਪ੍ਰੀਖਿਆਰਥੀਆਂ ਦਾ ਡਾਟਾ ਇੰਮਪੋਰਟ (Import) ਕਰਨ ਲਈ ਸਕੂਲ ਦਾ UDISE Code ਅਪਡੇਟ ਹੋਣਾ ਲਾਜ਼ਮੀ ਹੈ। ਜੇਕਰ ਤੁਸੀਂ ਸਕੂਲ ਦਾ UDISE Code ਕੋਡ ਅਪਡੇਟ ਨਹੀਂ ਕੀਤਾ ਹੈ ਤਾਂ School Profile->Update UDISE Code ਲਿੰਕ ਅਧੀਨ ਅਪਡੇਟ ਕੀਤਾ ਜਾ ਸਕਦਾ ਹੈ।
2. ਪ੍ਰੀਖਿਆਰਥੀਆਂ ਦਾ ਡਾਟਾ ਇੰਮਪੋਰਟ (Import) ਕਰਨ ਲਈ ਨੌਵੀਂ ਕਲਾਸ ਅਧੀਨ ਐੱਨ-1 (N1) ਫਾਰਮ ਤੇ ਕਲਿੱਕ ਕੀਤਾ ਜਾਵੇ ਅਤੇ ਈ-ਪੰਜਾਬ (E-Punjab) ਤੋਂ ਡਾਟਾ ਇੰਮਪੋਰਟ (Import) ਕਰਨ ਸਬੰਧੀ ਦਿੱਤੇ ਲਿੰਕ ਤੇ ਕਲਿੱਕ ਕੀਤਾ ਜਾਵੇ। ਇਸ ਲਿੰਕ ਰਾਹੀਂ ਤੁਹਾਡੇ ਸਕੂਲ ਦੇ ਈ-ਪੰਜਾਬ (E-Punjab Website) ਤੇ ਨੌਵੀਂ ਦੇ ਰਜਿਸਟਰਡ ਪ੍ਰੀਖਿਆਰਥੀਆਂ ਦੀ ਸੂਚੀ ਦਿਖੇਗੀ, ਇਸ ਸੂਚੀ ਵਿੱਚੋਂ ਜਿੰਨ੍ਹਾਂ ਪ੍ਰੀਖਿਆਰਥੀਆਂ ਨੂੰ ਇੰਮਪੋਰਟ (Import) ਕਰਨਾਂ ਹੈ, ਉਹਨਾਂ ਨੂੰ ਸਲੈਕਟ ਕਰਕੇ ਇੰਮਪੋਰਟ (Import Selected Students) ਬਟਨ ਤੇ ਕਲਿੱਕ ਕੀਤਾ ਜਾਵੇ।
3. ਇੰਮਪੋਰਟ (Import) ਕਰਨ ਉਪਰੰਤ ਪ੍ਰੀਖਿਆਰਥੀ N1 Form ਦੇ View All Inserted Records ਵਿੱਚ ਆ ਜਾਣਗੇ। ਇਸ ਸੂਚੀ ਵਿੱਚ ਪ੍ਰੀਖਿਆਰਥੀਆਂ ਨੂੰ Modify Button ਕਰਕੇ ਬਾਕੀ ਰਹਿੰਦੇ ਵੇਰਵੇ ਭਰ ਦਿੱਤੇ ਜਾਣ। ਪ੍ਰੀਖਿਆਰਥੀਆਂ ਦੇ ਅੰਗਰੇਜੀ ਦੇ ਵੇਰਵੇ ਪੰਜਾਬੀ ਵਿੱਚ ਆਟੋਮੈਟਿਕ ਕੰਨਵਰਟ ਹੋ ਜਾਣਗੇ। ਪੰਜਾਬੀ ਦੇ ਵੇਰਵਿਆਂ ਨੂੰ ਚੈੱਕ ਕਰਕੇ, ਜੇਕਰ ਕੋਈ ਗਲਤੀ ਹੈ ਤਾਂ ਨਾਲ ਲੱਗੇ ਕੀ-ਬੋਰਡ ਤੋਂ ਠੀਕ ਕਰਨਾਂ ਯਕੀਨੀ ਬਣਾਇਆ ਜਾਵੇ ਕਿਉਂਕਿ ਪੰਜਾਬੀ ਦੀ ਕੰਨਵਰਜਨ ਸਿਰਫ ਸੁਵਿਧਾ ਲਈ ਦਿੱਤੀ ਗਈ ਹੈ।